BRAMPTON Flower City
brampton.ca

media release

13 ਜੁਲਾਈ, 2018

# ਵੋਟਿੰਗ ਡੇ ਵਿੱਚ 100 ਦਿਨ ਬਾਕੀ ਹਨ – ਕੀ ਤੁਸੀਂ ਤਿਆਰ ਹੋ?

ਬ੍ਰੈਂਪਟਨ, ਓਨਟੈਰੀਓ – 100 ਦਿਨ ਬਾਕੀ ਹਨ ਜਦੋਂ ਬ੍ਰੈਂਪਟਨ ਦੇ ਮਤਦਾਤਾ 22 ਅਕਤੂਬਰ ਨੂੰ ਮਿਊਨਿਸਿਪਲ ਚੋਣਾਂ ਵਿੱਚ ਵੋਟ ਪਾਉਣ ਦਾ ਮਹੱਤਵਪੂਰਨ ਫ਼ੈਸਲਾ ਲੈਣਗੇ।

2018 ਦੀਆਂ ਮਿਊਨਿਸਿਪਲ ਚੋਣਾਂ (2018 Municipal Election) ਲਈ ਸਿਟੀ ਕਲਰਕ ਅਤੇ ਰਿਟਰਨਿੰਗ ਅਫ਼ਸਰ, ਪੀਟਰ ਫੇ (Peter Fay) ਨੇ ਕਿਹਾ, "ਅਸੀਂ ਐਡਵਾਂਸ ਵੋਟਿੰਗ ਮਿਆਦ ਨੂੰ ਵਧਾ ਕੇ ਲੋਕਾਂ ਲਈ ਵੋਟ ਪਾਉਣਾ ਅਸਾਨ ਬਣਾ ਰਹੇ ਹਾਂ, ਅਤੇ ਮਤਦਾਤਾਵਾਂ ਲਈ 22 ਅਕਤੂਬਰ ਨੂੰ ਆਪਣਾ ਵੋਟ ਪਾਉਣ ਲਈ ਉਹਨਾਂ ਦੇ ਵਾਰਡ ਦੇ ਅੰਦਰ ਸਥਾਨਾਂ ਦਾ ਵਿਕਲਪ ਮੁਹੱਈਆ ਕਰ ਰਹੇ ਹਾਂ।" ਉਹਨਾਂ ਨੇ ਅੱਗੇ ਕਿਹਾ, "ਮਿਊਨਿਸਿਪਲ ਅਤੇ ਖੇਤਰੀ ਸੇਵਾਵਾਂ, ਜਿਵੇਂ ਕਿ ਸੜਕਾਂ, ਪਾਰਕਸ, ਰੇਕ੍ਰੀਏਸ਼ਨ ਅਤੇ ਟ੍ਰਾਂਜ਼ਿਟ ਨਿਵਾਸੀਆਂ ਦੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਹਨ। ਮਿਊਨਿਸਿਪਲ ਚੋਣਾਂ ਵਿੱਚ ਵੋਟ ਪਾਉਣਾ ਤੁਹਾਡੇ ਸ਼ਹਿਰ ਨੂੰ ਬਿਹਤਰ ਬਣਾਉਣ ਦਾ ਇੱਕ ਮਹੱਤਵਪੂਰਨ ਤਰੀਕਾ ਹੈ।"

ਵੋਟ ਪਾਉਣਾ ਅਸਾਨ ਹੈ – ਇੱਥੇ ਮਤਦਾਤਾਵਾਂ ਲਈ ਕੁਝ ਲਾਭਕਾਰੀ ਰਿਮਾਈਂਡਰ ਦਿੱਤੇ ਗਏ ਹਨ:

- ✓ **ਨਿਰਧਾਰਤ ਕਰੋ ਕਿ ਤੁਸੀਂ ਯੋਗ ਮਤਦਾਤਾ ਹੋ ਜਾਂ ਨਹੀਂ**
  ਘੱਟੋ-ਘੱਟ 18 ਸਾਲ ਦੀ ਉਮਰ ਵਾਲਾ ਇੱਕ ਕੈਨੇਡਿਅਨ ਨਾਗਰਿਕ, ਜੋ ਬ੍ਰੈਂਪਟਨ ਵਿੱਚ ਰਹਿੰਦਾ ਹੈ (ਜਾਂ ਬ੍ਰੈਂਪਟਨ ਵਿੱਚ ਘਰ ਦਾ ਮਾਲਕ ਜਾਂ ਕਿਰਾਏਦਾਰ ਹੈ ਜਾਂ ਉਸ ਮਾਲਕ ਜਾਂ ਕਿਰਾਏਦਾਰ ਦਾ ਸਾਥੀ (ਸਪਾਉਸ) ਹੈ)।
- ✓ **ਆਪਣੇ ਵਾਰਡ ਬਾਰੇ ਪਤਾ ਕਰੋ**
  ਜੇਕਰ ਤੁਹਾਨੂੰ ਪੱਕਾ ਪਤਾ ਨਹੀਂ ਹੈ ਕਿ ਤੁਸੀਂ ਕਿਹੜੇ ਵਾਰਡ ਵਿੱਚ ਰਹਿੰਦੇ ਹੋ, ਤਾਂ here (ਇੱਥੇ) ਦੇਖੋ।
- ✓ **ਆਪਣੇ ਵਾਰਡ ਵਿੱਚ ਕਿਤੇ ਵੀ ਵੋਟ ਪਾਓ**
  22 ਅਕਤੂਬਰ ਨੂੰ, ਤੁਸੀਂ ਆਪਣੇ ਵਾਰਡ ਵਿੱਚ ਕਿਸੇ ਵੀ ਸਥਾਨ ਵਿਖੇ ਵੋਟ ਪਾ ਸਕਦੇ ਹੋ। ਵੋਟਿੰਗ ਸਥਾਨ ਬਾਰੇ ਜਾਣਕਾਰੀ ਵੋਟਿੰਗ ਡੇ (Voting Day) ਦੇ ਨੇੜੇ here (ਇੱਥੇ) ਉਪਲਬਧ ਹੋਵੇਗੀ।
- ✓ **ਐਡਵਾਂਸ ਵੋਟਿੰਗ ਤਾਰੀਖ਼ਾਂ**
  ਜੇਕਰ ਤੁਸੀਂ 22 ਅਕਤੂਬਰ ਨੂੰ ਵੋਟ ਨਹੀਂ ਪਾ ਸਕਦੇ, ਤਾਂ ਐਡਵਾਂਸ ਵੋਟਿੰਗ (Advance Voting) ਦਿਨਾਂ 'ਤੇ ਵਿਚਾਰ ਕਰੋ: 2, 3, 4, 6, 9, 10, 11 ਅਤੇ 13 ਅਕਤੂਬਰ।
- ✓ **ਪ੍ਰੌਕਸੀ ਵੋਟਿੰਗ**
  ਜੇਕਰ ਤੁਸੀਂ ਬ੍ਰੈਂਪਟਨ ਦੇ ਅਜਿਹੇ ਯੋਗ ਮਤਦਾਤਾ ਹੋ, ਜੋ ਵੋਟਿੰਗ ਡੇ ਨੂੰ ਜਾਂ ਐਡਵਾਂਸ ਵੋਟਿੰਗ ਦੀ ਕਿਸੇ ਵੀ ਤਾਰੀਖ ਨੂੰ ਵੋਟ ਨਹੀਂ ਪਾ ਸਕਦੇ, ਤਾਂ ਤੁਸੀਂ ਤੁਹਾਡੇ ਵੱਲੋਂ ਵੋਟ ਪਾਉਣ ਲਈ ਬ੍ਰੈਂਪਟਨ ਦੇ ਕਿਸੇ ਦੂਜੇ ਯੋਗ ਮਤਦਾਤਾ ਨੂੰ ਨਿਯੁਕਤ ਕਰ ਸਕਦੇ ਹੋ। ਕੋਈ ਵੀ ਅਜਿਹਾ ਵਿਅਕਤੀ, ਜਿਸਦਾ ਨਾਮ ਵੋਟਰ ਸੂਚੀ (Voters' List) ਵਿੱਚ ਹੈ, ਜਾਂ ਜਿਸਨੂੰ ਵੋਟਰ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ, ਪ੍ਰੌਕਸੀ ਦੁਆਰਾ ਵੋਟ ਪਾ ਸਕਦਾ ਹੈ। ਪ੍ਰੌਕਸੀ ਵੋਟਿੰਗ ਬਾਰੇ ਹੋਰ ਜਾਣਕਾਰੀ ਜਲਦੀ ਹੀ www.brampton.ca 'ਤੇ ਉਪਲਬਧ ਕਰਵਾਈ ਜਾਏਗੀ।

- ✓ **ਆਪਣੀ ਆਈ.ਡੀ. (ID) ਲੈ ਕੇ ਆਓ**

  ਮਤਦਾਤਾਵਾਂ ਨੂੰ ਵੋਟ ਪਾਉਣ ਲਈ ਆਪਣੇ ਨਾਲ ਲਾਜ਼ਮੀ ਤੌਰ 'ਤੇ ਉਹਨਾਂ ਦਾ ਨਾਮ ਅਤੇ ਬ੍ਰੈਂਪਟਨ ਦਾ ਯੋਗ ਪਤਾ ਦਰਸਾਉਣ ਵਾਲਾ ਕੋਈ ਪਛਾਣ ਪੱਤਰ ਨਾਲ ਲੈ ਕੇ ਆਉਣਾ ਚਾਹੀਦਾ ਹੈ। ਪਛਾਣ ਦੇ ਸਵੀਕਾਰਯੋਗ ਦਸਤਾਵੇਜ਼ here (ਇੱਥੇ) ਦੇਖੇ ਜਾ ਸਕਦੇ ਹਨ।

***ਇਸ ਸਾਲ ਦੀਆਂ ਚੋਣਾਂ ਵਿੱਚ ਇਹ ਨਵਾਂ ਹੈ***

ਇਸ ਸਾਲ ਚੋਣਾਂ ਵਿੱਚ, ਪੀਲ ਰੀਜਨਲ ਮੁਖੀ (Peel Regional Chair) ਦੀ ਚੋਣ ਆਮ ਵੋਟ ਰਾਹੀਂ ਕੀਤੀ ਜਾਏਗੀ। ਇਸਦਾ ਮਤਲਬ ਹੈ ਕਿ ਰੀਜਨਲ ਮੁਖੀ (Regional Chair) ਲਈ ਉਮੀਦਵਾਰ 2018 ਵਿੱਚ ਵੋਟ ਪਰਚੀ 'ਤੇ ਹੋਣਗੇ। here (ਇੱਥੇ) ਹੋਰ ਜਾਣੋ।

**2018 ਦੀਆਂ ਮਿਉਨਿਸਿਪਲ ਚੋਣਾਂ ਬਾਰੇ ਹੋਰ ਜਾਣਕਾਰੀ ਲਈ, www.brampton.ca/bramptonvotes 'ਤੇ ਜਾਓ।**

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।